## ਡਾਇਰੈਕਟੋਰੇਟ ,ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ,

ਸਿਖਿਆ ਭਵਨ, ਈ ਬਲਾਕ, 7ਵੀਂ ਮਜਿੰਲ, ਸੈਕਟਰ-62,ਐਸ ਏ ਐਸ ਨਗਰ।

ਵਿਗਿਆਪਨ ਨੰ: 2/ 2015 ਮਿਤੀ ਚੰਡੀਗੜ੍ਹ:27-3-2015

### ਵਾਕ ਇੰਨ ਇੰਟਰਵਿਉ ਲਈ ਜਨਤਕ ਸੂਚਨਾ

ਡਾਇਰੈਕਟੋਰੇਟ ਅਧੀਨ ਮੈਡੀਕਲ ਕਾਲਜ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਸਪੀਚ ਥੈਰਾਪਿਸਟ ਦੀ ਇਕ- ਇਕ ਅਸਾਮੀ ਅਤੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਖੇ ਆਡਿਓਮੈਂਟਰੀ ਟੈਕਨੀਸੀਅਨ ਦੀ ਇਕ ਅਸਾਮੀ ਨਿਰਧਾਰਤ ਉਕਾ-ਪੁੱਕਾ ਤਨਖਾਹ ਤੇ ਠੇਕਾ ਆਧਾਰ ਤੇ 364 ਦਿਨਾਂ ਲਈ ਯੋਗ ਉਮੀਦਵਾਰਾਂ (ਪੁਰਸ਼ / ਮਹਿਲਾ) ਵਿਚੋਂ ਭਰਨ ਲਈ ਮਿਤੀ 16-4-2015 ਨੂੰ ਸਵੇਰੇ 10-00 ਵਜੇ ਇਸ ਡਾਇਰੈਕਟੋਰੇਟ ਵਿਖੇ ਵਾੱਕ-ਇੰਨ-ਇੰਟਰਵਿਉ ਰਖੀ ਜਾਂਦੀ ਹੈ। ਇਹਨਾਂ ਦੀ ਆਸਾਮੀਆਂ ਲਈ ਵਿਦਿਅਕ ਯੋਗਤਾ, ਨਿਯਮ ਤੇ ਸ਼ਰਤਾਂ ਵਿਭਾਗ ਦੀ ਵੈਬ ਸਾਇਟ www.punjabmedicaleducation.org ਤੇ ਉਪਲਭੱਧ ਹਨ।

26/3

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿਖਿਆ, ਪੰਜਾਬ

## ਵਾਕ ਇੰਨ ਇੰਟਰਵਿਊ ਲਈ ਹਾਜਰ ਹੋਣ ਵਾਸਤੇ ਬਿਨੈਪੱਤਰ ਦਾ ਪ੍ਰੋਫਾਰਮਾ
(ਬਿਨੈਕਾਰ ਵਲੋ ਆਪਣੇ ਹੱਥ ਨਾਲ ਭਰਿਆ ਜਾਵੇ )

| | | |
|---|---|---|
| ਆਸਾਮੀ ਦਾ ਨਾਂ | : | |

| |
|---|
| ਬਿਨੈਕਾਰ ਦੀ ਰੰਗੀਨ ਤਸਦੀਕਸ਼ੁਦਾ ਫੋਟੋ |

| ਕੈਟਾਗਿਰੀ ਦਾ ਨਾਂ ਅਤੇ ਕੈਟਾਗਿਰੀ ਕੋਡ (**ਕੋਡ ਨੰਬਰ ਜਰੂਰ ਭਰੋ ਜੀ) | ਪੁਰਸ਼ / ਇਸਤਰੀ | ਸ਼ਾਦੀਸ਼ੁਦਾ/ ਕੁਆਂਰਾ | 01.01.2015 ਨੂੰ ਉਮਰ |
|---|---|---|---|
| | | | |

1) ਬਿਨੈਕਾਰ ਦਾ ਨਾਂ * : ____________________ ( ਪੰਜਾਬੀ ਵਿੱਚ )

ਅੰਗਰੇਜੀ ਵਿਚ ਵੱਡੇ ਅੱਖਰਾਂ ਵਿੱਚ : ________________ ( ਅੰਗ੍ਰੇਜੀ ਵਿੱਚ )

*ਜੋ ਦਸਵੀਂ ਦੇ ਸਰਟੀਫਿਕੇਟ ਵਿੱਚ ਹੈ ।*

2) ਪਿਤਾ ਦਾ ਨਾਂ

3) ਮਾਤਾ ਦਾ ਨਾਂ

4) ਜਨਮ ਮਿਤੀ *

5) ਪੂਰਾ ਪਤਾ, ਪਿੰਨ ਕੋਡ, (ਵੱਡੇ ਅਖਰਾਂ ਵਿੱਚ):

(ੳ) ਟੈਲੀਫੋਨ ਨੰਬਰ

(ਅ ) ਈ.ਮੇਲ ( email )

(ੲ) ਕੀ ਪੰਜਾਬ ਦਾ ਵਸਨੀਕ ਹੈ? (ਸਬੂਤ ਲਗਾਇਆ ਜਾਵੇ ਜੀ )

6) ਕੀ ਰਾਖਵੀਂ ਕੈਟਾਗਿਰੀ ਨਾਲ ਸੰਬਧ ਰੱਖਦਾ ਹੋ?

7) ਜੇਕਰ ਅਨੁਸੂਚਿਤ ਜਾਤੀ ਨਾਲ ਸੰਬਧ ਰਖਦੇ ਹੋ ਤਾਂ ਜਾਤੀ ਦਾਨਾਂ ......

8) ਕੀ ਦਸਵੀਂ ਪੱਧਰ ਤਕ ਪੰਜਾਬੀ ਪਾਸ ਕੀਤੀ ਹੈ? ਜੇਕਰ ਹਾਂ ਤਾ ਸਬੂਤ ਲਗਾਇਆ ਜਾਵੇ.......

9) ਕੀ ਬਿਨੈਕਾਰ ਨੂੰ ਪਹਿਲਾਂ ਕਦੇ ਕਿਸੇ ਸਰਕਾਰੀ ਨੌਕਰੀ ਤੋਂ ਕਢਿਆ ਤਾਂ ਨਹੀਂ ਗਿਆ ਹੈ?

10) ਕੀ ਬਿਨੈਕਾਰ ਵਿਰੁੱਧ ਕਿਸੇ ਅਦਾਲਤ ਵਿਚ ਮੁਕਦੱਮਾ ਤਾਂ ਨਹੀਂ ਚੱਲ ਰਿਹਾ ਹੈ?

12) **ਵਿਦਿਅਕ ਯੋਗਤਾ ਦਾ ਵੇਰਵਾ :**

| | ਪਾਸ ਕਰਨ ਦਾ ਸਾਲ | ਪ੍ਰਾਪਤ ਅੰਕ | ਕੁਲ ਅੰਕ | % age ਪ੍ਰਤੀਸ਼ਤ | ਦਰਜਾ | ਬੋਰਡ / ਯੂਨੀਵਰਸਿਟੀ ਦਾ ਨਾਂ | ਵਿਸ਼ੇ |
|---|---|---|---|---|---|---|---|
| 10 ਵੀਂ | | | | | | | |
| ਸੀਨੀਅਰ ਸੈਕੰਡਰੀ | | | | | | | |
| ਡਿਪਲੋਮਾ | | | | | | | |
| ਡਿਗਰੀ | | | | | | | |
| ਸੁਪਰ ਸਪੈਸਲਿਟੀ ਡਿਗਰੀ | | | | | | | |

ਸਾਰ ਦਸਤਾਵੇਜ਼ ਗਜ਼ਟਿਡ ਅਧਿਕਾਰੀ ਤੋਂ ਤਸਦੀਕ ਕਰਵਾਕੇ ਲਗਾਉ ਜੀ। ਸਟਾਫ ਨਰਸ ਲਈ ਅਪਲਾਈ ਕਰਨ ਵਾਲੇ ਉਮੀਦਵਾਰਾਂ ਨੂੰ ਪੰਜਾਬ ਨਰਸਿਜ ਰਜਿਸਟਰੇਸ਼ਨ, ਚੰਡੀਗੜ੍ਹ ਨਾਲ ਰਜਿਸਟਰੇਸ਼ਨ ਦਾ ਸਰਟੀਫਿਕੇਟ ਅਤੇ ਡਿਪਲੋਮਾ/ ਡਿਗਰੀ ਲਾਜ਼ਮੀ ਹੋਵੇਗੀ।

13) ਤਜਰਬਾ:

| ਸੰਸਥਾਂ ਦਾ ਨਾਂ | ਸਾਲ | ਮਹੀਨੇ | ਤਨਖਾਹ | ਤਜਰਬੇ ਦੀ ਕਿਸਮ | |
|---|---|---|---|---|---|
| | | | | ਸਰਕਾਰੀ | ਗੈਰ ਸਰਕਾਰੀ |
| | | | | | |
| | | | | | |

ਨੋਟ: ਤਜਰਬਾ ਸਰਟੀਫਿਕੇਟ ਇਸ਼ਤਿਹਾਰ ਵਿਚ ਦਰਸਾਏ ਸ਼ਰਤਾਂ ਅਨੁਸਾਰ ਲਗਾਉ ਜੀ।

ਮੈਂ ਤਸਦੀਕ ਕਰਦਾ / ਕਰਦੀ ਹਾਂ ਕਿ :

(1) ਇਸ ਅਰਜੀ ਵਿਚ ਮੇਰੇ ਦੁਆਰਾਂ ਭਰੀ ਗਈ ਜਾਣਕਾਰੀ ਸੱਚ ਅਤੇ ਸਹੀ ਹੈ। ਜੇਕਰ ਕਿਸੇ ਸਟੇਜ ਤੇ (ਇੰਟਰਵਿਊ / ਨਿਯੁਕਤੀ/ ਚੋਣ ਤੋਂ ਪਹਿਲਾਂ ਜਾਂ ਬਾਅਦ ਵਿੱਚ ) ਇਹ ਸੂਚਨਾਂ ਗਲਤ ਜਾਂ ਝੂਠ ਪਾਈ ਜਾਂਦੀ ਹੈ ਤਾਂ ਮੇਰੀ ਅਰਜੀ / ਕਲੇਮ / ਨਿਯੁਕਤੀ ਬਿਨਾਂ ਕਿਸੇ ਨੋਟਿਸ ਦੇ ਰੱਦ ਕਰ ਕੀਤੀ ਜਾਂ ਸਕਦੀ ਹੈ ਅਤੇ ਮੇਰੀ ਖਿਲਾਫ ਕਾਰਵਾਈ ਕੀਤੀ ਜਾ ਸਕਦੀ ਹੈ।

(2) ਮੈਂ ਵਿਗਿਆਪਨ ਵਿਚ ਦਿਤੇ ਉਪਬੰਧਾਂ ਨੂੰ ਪੜ੍ਹ ਲਿਆ ਹੈ ਅਤੇ ਇਹਨਾਂ ਪ੍ਰਤੀ ਵਫਾਦਾਰ ਰਹਿਣ ਦਾ ਵਚਨ ਦਿੰਦਾ/ ਦਿੰਦੀ ਹਾਂ। ਮੈਂ ਵਿਗਿਆਪਨ ਵਿਚ ਦਰਸਾਈਆਂ ਯੋਗਤਾ ਦੀਆਂ ਸ਼ਰਤਾਂ, (ਉਮਰ ਸੀਮਾ, ਵਿਦਿਅਕ ਯੋਗਤਾ ਅਤੇ ਦੂਜੇ ਰੂਲ ਅਤੇ ਰੇਗੂਲੇਸ਼ਨ ) ਪੂਰੀਆਂ ਕਰਦਾ / ਕਰਦੀ ਹਾਂ।

(3) ਮੈਨੂੰ ਕਦੇ ਵੀ ਕਿਸੇ ਅਦਾਲਤ ਵਲੋਂ ਦੋਸੀ ਨਹੀਂ ਠਹਿਰਾਇਆ ਗਿਆ ਹੈ।

(4) ਮੇਰਾ ਇਕ ਤੋਂ ਵੱਧ ਜਿੰਦਾ ਪਤੀ/ ਪਤਨੀ ਨਹੀਂ ਹੈ।

(5) ਨਾਲ ਨੱਥੀ ਦਸਤਾਵੇਜਾਂ ਦੀ ਕੁਲ ਗਿਣਤੀ ( ਪੇਜ ਮਾਰਕਿੰਗ ਕੀਤੀ ਜਾਵੇ ):

ਮਿਤੀ :ਸਥਾਨ

:(ਬਿਨੈਕਾਰ ਦੇ ਹਸਤਾਖਰ )

| * ਕੈਟਾਗਿਰੀ ਲਈ ਕੋਡ ਭਰੋ ਜੀ | ਕੋਡ ਨੰਬਰ |
|---|---|
| ਜਨਰਲ | 01 |
| ਅਨੁਸੂਚਿਤ ਜਾਤੀ ਬਾਲਮੀਕੀ / ਮਜ਼ਬੀ ਸਿੱਖ | 02 |
| ਅਨੁਸੂਚਿਤ ਜਾਤੀ ਰਾਮਦਾਸੀ ਤੇ ਹੋਰ | 03 |
| ਪਛੜੀਆਂ ਸ਼੍ਰੇਣੀਆਂ | 04 |
| ਸਾਬਕਾ ਫੌਜੀ | 05 |
| ਅੰਗਹੀਣ | 06 |
| ਖਿਡਾਰੀ | 07 |
| ਅਨੁਸੂਚਿਤ ਜਾਤੀ ( ਸਾਬਕਾ ਫੌਜੀ ) ਬਾਲਮਿਕੀ / ਮਜ਼ੱਬੀ ਸਿੱਖ | 08 |
| ਅਨੁਸੂਚਿਤ ਜਾਤੀ ( ਸਾਬਕਾ ਫੌਜੀ ) ਰਾਮਦਾਸੀ ਤੇ ਹੋਰ | 09 |
| ਅਨੁਸੂਚਿਤ ਜਾਤੀ ( ਖਿਡਾਰੀ ) ਬਾਲਮਿਕੀ / ਮਜ਼ੱਬੀ ਸਿੱਖ | 10 |
| ਅਨੁਸੂਚਿਤ ਜਾਤੀ (ਖਿਡਾਰੀ) ਰਾਮਦਾਸੀ ਤੇ ਹੋਰ : | 011 |
| ਪਛੜੀਆਂ ਸ਼੍ਰੇਣੀਆਂ ( ਸਾਬਕਾ ਫੌਜੀ ) | 012 |
| ਸੁਤੰਤਰਤਾ ਸੰਗਰਾਮੀ / ਆਜ਼ਾਦੀ ਘੁਲਾਟੀਏ | 013 |
| ਅਨੁਸੂਚਿਤ ਜਾਤੀ ( ਵਿਮੁਕਤ ਜਾਤੀ ) | 014 |

| ਅਸਾਮੀਆਂ ਦੇ ਵੇਰਵੇ | | | |
|---|---|---|---|
| ਲੜੀ ਨੰ: | ਆਸਾਮੀ ਦਾ ਨਾਂ ਅਤੇ ਗਿਣਤੀ | ਉਜਰਤਾਂ ( ਉਕਾ ਪੱਕਾ ) ਪ੍ਰਤੀ ਮਹੀਨਾ | ਵਿਦਿਅਕ ਯੋਗਤਾ |
| 1. | ਸਪੀਚ ਥੈਰਾਪਿਸਟ(2) | 10300 | Diploma in Medical Technology (Speech Therapy) from a recognized institution.<br>Punjabi upto matric level |
| 2. | ਆਡਿਓ ਮੈਂਟਰੀ ਟੈਕਨੀਸੀਅਨ (1) | 10300 | Dipoma in Medical Technology (Audometry) from a recognized institution.<br>2) Punjabi upto matric level |
| 3. | ਕੁਲ ਆਸਾਮੀਆਂ (2) | | |

ਨਿਯਮ ਅਤੇ ਸ਼ਰਤਾਂ :-

1. ਬਿਨੈਕਾਰ ਪੰਜਾਬ ਦਾ ਵਸਨੀਕ ਹੋਵੇ, ਬਿਨੈਕਾਰ ਨੂੰ ਆਪਣੀ ਪ੍ਰਤੀ ਬੇਨਤੀ ਦੇ ਨਾਲ ਆਪਣਾ ਰਿਹਾਇਸ਼ੀ ਸਰਟੀਫਿਕੇਟ ਦੀ ਨਕਲ ਲਗਾਉਣੀ ਲਾਜਮੀ ਹੋਵੇਗੀ, ਜੋ ਪੰਜਾਬ ਸਕਰਾਰ ਦੀ ਹਦਾਇਤਾਂ ਅਨੁਸਾਰ ਹੋਣਾ ਚਾਹੀਦਾ ਹੈ। ਇਹ ਰਿਹਾਇਸ਼ੀ ਸਰਟੀਫਿਕੇਟ ਤਿੰਨ ਸਾਲ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ ਹੈ।
2. ਬਿਨੈਕਾਰ ਦੀ ਉਮਰ 18 ਤੋਂ 37 ਸਾਲ ਦਰਮਿਆਨ ਹੋਵੇ, ਐਸ.ਸੀ./ਐਸ.ਟੀ ਜਾਂ ਦੂਜੀ ਰਾਖਵੀਂਆਂ ਕੈਟਾਗਿਰੀਆਂ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਵਲੋਂ ਸਮੇਂ ਸਮੇਂ ਜਾਰੀ ਉਮਰ ਦੀ ਛੋਟ ਸੰਬਧੀ ਹਦਾਇਤਾਂ ਲਾਗੂ ਹੋਣਗੀਆਂ।
3. ਬਿਨੈਕਾਰ ਮੈਟ੍ਰਿਕ ਪੱਧਰ ਤੱਕ ਪੰਜਾਬੀ ਵਿਸ਼ਾ ਪਾਸ ਹੋਣਾ ਜਰੂਰੀ ਹੈ।
4. ਰਾਖਵੀਂ ਸ਼੍ਰੇਣੀ ਲਈ ਪ੍ਰਾਪਤ ਹੋਈ ਬਿਨੈ ਪਤਰਾਂ ਨਾਲ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਖਵੀਂ ਸ਼੍ਰੇਣੀ ਦਾ ਸਰਟੀਫਿਕੇਟ ਨਾਲ ਜਰੂਰ ਨੱਥੀ ਹੋਣਾ ਚਾਹੀਦਾ ਹੈ। ਇਹ ਸਰਟੀਫਿਕੇਟ ਨਾਲ ਨੱਥੀ ਨਾ ਹੋਣ ਦੀ ਸੂਰਤ ਵਿਚ ਬਿਨੈਕਾਰ ਦੀ ਅਰਜੀ ਨੂੰ ਜਰਨਲ ਵਿਚ ਵਿਚਾਰੀਆ ਜਾਵੇਗਾ।
5. ਰਾਖਵਾਂਕਰਨ ਨੀਤੀ ਰਾਜ ਸਰਕਾਰ ਦੀ ਨੀਤੀ ਅਨੁਸਾਰ ਹੋਵੇਗੀ।
6. ਜੇਕਰ ਕਿਸੇ ਬਿਨੈਕਾਰ ਦੀ ਯੋਗਤਾ ਜਿਸ ਆਸਾਮੀ ਵਿੱਚ ਉਸ ਨੇ ਅਪਲਾਈ ਕੀਤਾ ਹੈ ਪੂਰੀ ਨਾ ਪਾਈ ਗਈ ਤਾਂ ਉਸ ਦੀ ਅਰਜੀ ਬਿੰਨਾਂ ਕਿਸੇ ਨੋਟਿਸ ਦੇ ਰੱਦ ਕਰ ਦਿਤੀ ਜਾਵੇਗੀ ਅਤੇ ਇੰਟਰਵਿਊ ਨਹੀਂ ਲਿੱਤੀ ਜਾਵੇਗੀ।
7. ਅਧੂਰੀਆਂ ਅਰਜੀਆਂ, ਜਿਹਨਾਂ ਨਾਲ ਯੋਗਤਾ ਸੰਬਧੀ ਸਰਟੀਫੀਕੇਟ ਨਾਲ ਨੱਥੀ ਨਹੀਂ ਕੀਤੇ ਗਏ ਹਨ, ਜਾਂ ਮੁਕੱਮਲ ਸੂਚਨਾਂ ਨਾ ਭਰੀ ਗਈ ਹੋਵੇ ਤਾ ਉਹ ਅਰਜੀਆਂ ਨੂੰ ਵਿਚਾਰੀਆ ਨਹੀਂ ਜਾਵੇਗਾ ਅਤੇ ਬਿਨਾਂ ਕਿਸੇ ਸੂਚਨਾ/ ਨੋਟਿਸ ਤੋਂ ਰੱਦ ਕਰ ਦਿਤਾ ਜਾਵੇਗਾ।
8. ਜੇਕਰ ਕਿਸੇ ਬਿਨੈਕਾਰ ਵਲੋਂ ਯੋਗਤਾ ਸੰਬਧੀ ਦਿਤੇ ਗਏ ਸਰਟੀਫੀਕੇਟ ਮਾਨਤਾ ਪ੍ਰਾਪਤ ਸੰਸਥਾਂ ਤੋਂ ਨਾ ਹੋਣ ਜਾਂ ਉਹ ਮਿਥੀ ਗਈ ਯੋਗਤਾ/ ਤਜਰਬਾ ਪੂਰੀ ਨਾ ਕਰਦਾ ਹੋਵੇ ਤਾਂ ਉਸ ਦੀ ਅਰਜੀ ਬਿਨਾਂ ਕਿਸੇ ਨੋਟਿਸ ਦੇ ਰੱਦ ਕਰ ਦਿੱਤੀ ਜਾਵੇਗੀ।
9. ਇਹ ਨਿਯੁਕਤੀ 364 ਦਿਨਾਂ ਲਈ ਠੇਕੇ ਦੇ ਆਧਾਰ ਤੇ ਹੋਵੇਗੀ ਅਤੇ ਇਸ ਸਮੇਂ ਦੌਰਾਨ ਬਿਨੈਕਾਰ ਦਾ ਕੰਮ ਕਾਜ ਤਸੱਲੀ ਬਖਸ ਨਾਂ ਹੋਣ ਕਾਰਨ ਉਸ ਨੂੰ ਕਿਸੀ ਵੀ ਸਮੇ ਉਸ ਦੀਆਂ ਸੇਵਾਵਾਂ ਸਮਾਪਤ ਕੀਤੀਆਂ ਜਾ ਸਕਦੀਆਂ ਹਨ।
10. ਬਿਨੈਕਾਰ ਨੂੰ ਆਪਣੀ ਪ੍ਰਤੀ ਬੇਨਤੀ ਨਾਲ 2 ਰਜਿਸਟਰਡ ਪੱਤਰ ਸਮੇਤ ਇਕਨਾਲੇਜਮੈਂਟ ( 2 self addressed registered envelops with acknowledgement) ਲਿਫਾਫੇ ਲਗਾਣੇ ਹੋਣਗੇ ਜਿਸ ਉੱਤੇ ਬਿਨੈਕਾਰ ਵਲੋ ਆਪਣੇ ਹੱਥ ਨਾਲ ਆਪਣਾ ਪਤਾ ਲਿਖਿਆ ਹੋਵੇ। ਅਤੇ ਆਪਣੇ ਬਿਨੈਪੱਤਰ ਦੇ ਲਿਫਾਫੇ ਦੇ ਉਪਰ ਜਿਸ ਆਸਾਮੀ ਲਈ ਬਿਨੈ ਪੱਤਰ ਦਿਤਾ ਜਾ ਰਿਹਾ ਹੈ ਉਸ ਆਸਾਮੀ ਦਾ ਨਾਂ ਜਰੂਰ ਲਿਖਿਆ ਹੋਣਾ ਚਾਹੀਦਾ ਹੈ। ("___________ਆਸਾਮੀ ਲਈ ਪ੍ਰਤੀ ਬੇਨਤੀ" )
11. ਬਿਨੈਕਾਰ ਵਲੋਂ ਪ੍ਰਾਪਤ ਕੀਤਾ ਤਜਰਬਾ Reputed hospital/ institution ਤੋਂ ਹੋਣ ਤੇ ਹੀ ਵਿਚਾਰੀਆ ਜਾਵੇਗਾ। ਤਜਰਬੇ ਦਾ ਲਾਭ ਕਮੇਟੀ ਦੀ ਸਿਫਾਰਿਸ ਤੇ ਹੀ ਦਿੱਤਾ ਜਾਵੇਗਾ।
12. ਬਿਨੈਪੱਤਰ ਦਾ ਨਮੂਨਾ ਉਪਰੋਕਤ ਦਰਸਾਏ ਅਨੁਸਾਰ ਹੈ। ਇਹਨਾਂ ਅਸਾਮੀਆਂ ਤੇ ਲਗਣ ਦੇ ਚਾਹਵਾਨ ਬਿਨੈਕਾਰ ਆਪਣਾ ਬਿਨੈ ਪੱਤਰ ਉਪਰੋਕਤ ਦਰਸਾਏ ਨਮੂਨੇ ਤੇ ਭਰਕੇ ਟੈਸਟੀਮੋਨੀਅਲ ਦੀਆਂ ਤਸਦੀਕਸ਼ੁਦਾ ਨਕਲਾਂ ਸਮੇਤ ਮਿਤੀ 16-4-2015 ਨੂੰ ਸਵੇਰੇ 10.00 ਵਜੇ ਤਕ ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਈ ਬਲਾਕ, ਸੱਤਵੀਂ ਮੰਜਿਲ, ਸੈਕਟਰ-62, ਚੰਡੀਗੜ੍ਹ ਵਿਖੇ ਹਾਜਰ ਹੋਣ ਦੀ ਖੇਚਲ ਕਰਨ। ਇੰਟਰਵਿਊ ਦੌਰਾਨ ਬਿਨੈਪੱਤਰ ਨਾਲ ਲਗਾਏ ਗਏ ਸਾਰੇ ਦਸਤਾਵੇਜਾਂ ਦੀ ਅਸਲ ਸਰਟੀਫਿਕੇਟ ਨਾਲ ਲਿਆਈ ਜਾਵੇ।
13. ਇਹਨਾਂ ਅਸਾਮੀਆਂ ਲਈ ਹਾਜਰ ਹੋਣ ਵਾਲੇ ਬਿਨੈਕਾਰਾਂ ਦੀ ਮੈਰਿਟ ਦੇ ਆਧਾਰ ਤੇ ਚੌਣ ਕੀਤੀ ਜਾਵੇਗੀ।
14. ਇਸ ਵਿਗਿਆਪਨ ਨੂੰ ਕਿਸੇ ਤਕਨੀਕੀ ਕਾਰਨਾਂ ਕਰਕੇ ਰੱਦ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਰਖਿਆ ਜਾਂਦਾ ਹੈ ਅਤੇ ਆਸਾਮੀਆਂ ਦੀ ਗਿਣਤੀ ਵਧਾਈ ਘਟਾਈ ਜਾ ਸਕਦੀ ਹੈ।
15. ਇੰਟਰਵਿਊ ਲਈ ਹਾਜਰ ਹੋਣ ਵਾਲੇ ਬਿਨੈਕਾਰਾਂ ਨੂੰ ਕੋਈ ਟੀ.ਏ./ ਡੀ.ਏ. ਨਹੀਂ ਦਿੱਤਾ ਜਾਵੇਗਾ।

30/3/15

**ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ**